# ਬਾਗਬਾਨੀ ਵਿਭਾਗ ਪੰਜਾਬ ਦਾ
## ਮਾਸਿਕ ਡਿਜ਼ੀਟਲ ਬੁਲੇਟਿਨ
# ਬਾਗਬਾਨੀ ਸੰਦੇਸ਼

**ਮਹੀਨਾ : ਅਗਸਤ 2025** **ਅੰਕ : 33**

**ਸੰਪਾਦਕ : ਜਸਪਾਲ ਸਿੰਘ ਢਿਲੋਂ, ਸਹਾਇਕ ਡਾਇਰੈਕਟਰ ਬਾਗਬਾਨੀ,**
**ਸਹਿ ਸੰਪਾਦਕ : ਨਵਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ**





## ਪ੍ਰੇਰਨਾ

ਬਾਗਬਾਨੀ ਵਿਭਾਗ ਪੰਜਾਬ "ਕਿਸਾਨ ਦਾ ਵਿਕਾਸ ਬਾਗਬਾਨੀ ਨਾਲ" ਦੇ ਮੰਤਵ ਦੀ ਪੂਰਤੀ ਲਈ ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਪਾਣੀ ਦੀ ਬੱਚਤ ਦੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਦੇ ਹੋਏ ਜਿੱਥੇ ਬਾਗਬਾਨੀ ਫਸਲਾਂ ਦੇ ਮਿਆਰੀ ਉਤਪਾਦਨ ਸੰਬੰਧੀ ਜਾਣਕਾਰੀ ਦੇਣ ਦਾ ਕਾਰਜ ਕਰ ਰਿਹਾ ਹੈ, ਉੱਥੇ ਹੀ ਕੌਮੀ ਬਾਗਬਾਨੀ ਮਿਸ਼ਨ ਤਹਿਤ ਮਿਸ਼ਨ ਫਾਰ ਇੰਟੇਗਰੇਟਿਡ ਡਿਵੈਲਪਮੈਂਟ ਆਫ ਹਾਰਟੀਕਲਚਰ ਰਾਹੀ ਕਿਸਾਨਾਂ ਨੂੰ ਵਿੱਤੀ ਸਹਾਇਤਾ ਦੇਣ ਦਾ ਕੰਮ ਵੀ ਕਰ ਰਿਹਾ ਹੈ ਜਿਸ ਤਹਿਤ ਸਾਲ 2025-26 ਦੌਰਾਨ ਵਿਭਾਗ ਦੀ ਕਿਸਾਨੀ ਦੀ ਭਲਾਈ ਲਈ 86.87 ਕਰੋੜ ਰੁਪਏ ਦੀ ਕਾਰਜ ਯੋਜਨਾ ਹੈ। ਇਸ ਵਿੱਚ ਫਲ, ਫੁੱਲ, ਸਬਜ਼ੀਆਂ ਅਧੀਨ ਰਕਬਾ ਵਧਾਉਣ, ਹਾਈ-ਟੈਕ ਉਤਪਾਦਨ ਕੇਂਦਰ ਸਥਾਪਿਤ ਕਰਨੇ, ਨਵੇਂ ਟਿਸ਼ੂ ਕਲਚਰ ਯੂਨਿਟ, ਖੁੰਬ ਯੂਨਿਟ, ਸ਼ਹਿਦ ਮੱਖੀ ਪਾਲਣ, ਪਾਣੀ ਸੰਭਾਲ ਲਈ ਸਟੋਰੇਜ ਢਾਂਚੇ, ਢੱਕਵੀ ਖੇਤੀ ਅਧੀਨ ਪੌਲੀ ਹਾਊਸ, ਸ਼ੈੱਡ ਨੈੱਟ ਹਾਊਸ, ਮਲਚਿੰਗ, ਲੋ-ਟਨਲ ਕੁਦਰਤੀ ਖੇਤੀ ਅਧੀਨ ਵਰਮੀ ਕੰਪੋਸਟ ਯੂਨਿਟ, ਵਰਮੀ ਬੈੱਡ, ਆਈ.ਐਨ.ਐਮ./ ਆਈ.ਪੀ.ਐਮ.,ਬਾਗਬਾਨੀ ਮਸ਼ੀਨੀਕਰਨ ਤਹਿਤ ਵੱਖ- ਵੱਖ ਤਰ੍ਹਾਂ ਦੀ ਮਸ਼ੀਨਰੀ, ਮਨੁੱਖੀ ਵਸੀਲਿਆਂ ਦੇ ਵਿਕਾਸ ਤਹਿਤ ਟਰੇਨਿੰਗ ਪ੍ਰੋਗਰਾਮ, ਗਿਆਨ ਵਧਾਊ ਦੌਰੇ, ਤੁੜਾਈ ਉਪਰੰਤ ਮੈਨੇਜਮੈਂਟ ਤਹਿਤ ਪੈਕ ਹਾਊਸ, ਕੋਲਡ ਸਟੋਰੇਜ ਯੂਨਿਟ, ਰਾਈਪਨਿੰਗ ਚੈਂਬਰ, ਕੋਲਡ ਰੂਮ, ਰੈਫਰੀਜਰੇਟਿਡ ਵੈਨ, ਮੰਡੀਕਰਨ ਢਾਂਚੇ ਦੀ ਸਥਾਪਨਾ, ਮਿਸ਼ਨ ਮੈਨੇਜਮੈਂਟ, ਸੈਟਰ ਆਫ ਐਕਸੀਲੈਂਸ ਦੀ ਸਥਾਪਨਾ, ਵਿਲੇਜ ਆਫ ਐਕਸੀਲੈਂਸ ਦਾ ਪਸਾਰ ਆਦਿ ਤਹਿਤ ਕਾਰਜ ਸ਼ਾਮਲ ਹਨ।

ਆਓ ਸਾਰੇ ਆਪਣੇ ਜ਼ਿਲ੍ਹੇ ਦੇ ਕਿਸਾਨਾਂ ਨਾਲ ਬਿਹਤਰ ਤਾਲਮੇਲ ਬਣਾ ਕੇ ਸਰਕਾਰ ਦੇ ਉਪਰੋਕਤ ਪ੍ਰੋਗਰਾਮਾਂ ਨੂੰ ਸਫਲ ਕਰਨ ਲਈ ਇੰਨ੍ਹਾਂ ਸਕੀਮਾਂ ਦਾ ਪ੍ਰਚਾਰ ਪਸਾਰ ਕਰੀਏ ਅਤੇ ਕਿਸਾਨੀ ਨੂੰ ਆਰਥਿਕ ਪੱਖੋਂ ਮਜ਼ਬੂਤ ਬਣਾਈਏ । ਕਿਸਾਨਾਂ ਨੂੰ ਵੀ ਅਪੀਲ ਹੈ ਕਿ ਉਹ ਜ਼ਿਲ੍ਹਾ ਪੱਧਰ ਤੇ ਡਿਪਟੀ/ ਸਹਾਇਕ ਡਾਇਰੈਕਟਰ ਬਾਗਬਾਨੀ ਅਤੇ ਬਲਾਕ ਪੱਧਰ 'ਤੇ ਬਾਗਬਾਨੀ ਵਿਕਾਸ ਅਫਸਰਾਂ ਨੂੰ ਮਿਲ ਕੇ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਇੰਨਾ ਸਕੀਮਾਂ ਦਾ ਲਾਭ ਪ੍ਰਾਪਤ ਕਰਨ ।

**ਸ਼ੈਲਿੰਦਰ ਕੌਰ**
**ਆਈ.ਐਫ.ਐਸ.**
**ਡਾਇਰੈਕਟਰ ਬਾਗਬਾਨੀ, ਪੰਜਾਬ**






# ਬਾਗਬਾਨੀ ਸੰਦੇਸ਼




ਬਾਗਬਾਨੀ ਵਿਭਾਗ ਪੰਜਾਬ ਵੱਲੋਂ ਅੰਮ੍ਰਿਤਸਰ ਵਿੱਚ ਮਹਾਰਾਜਾ ਫਾਰਮ ਵਿਖੇ ਸ੍ਰੀਮਤੀ ਸ਼ੈਲਿੰਦਰ ਕੌਰ ਆਈ.ਐਫ.ਐਸ. ਡਾਇਰੈਕਟਰ ਬਾਗਬਾਨੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦੋ ਰੋਜ਼ਾ ਰਾਜ ਪੱਧਰੀ ਨਾਸ਼ਪਾਤੀ ਦਾ ਸ਼ੋਅ ਤੇ ਸੈਮੀਨਾਰ ਲਗਾਇਆ ਗਿਆ। ਜਿਸ ਵਿੱਚ ਮਾਨਯੋਗ ਸ੍ਰੀ ਮੋਹਿੰਦਰ ਭਗਤ, ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੰਗਰਾਮੀ ਅਤੇ ਬਾਗਬਾਨੀ ਮੰਤਰੀ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ। ਇਸ ਨਾਸ਼ਪਾਤੀ ਸ਼ੋਅ ਅਤੇ ਸੈਮੀਨਾਰ ਵਿੱਚ ਪੰਜਾਬ ਭਰ ਤੋਂ ਨਾਸ਼ਪਾਤੀ ਫਲ ਅਤੇ ਫਲਾਂ ਤੋਂ ਤਿਆਰ ਫਲ ਪਦਾਰਥਾਂ ਦੀਆਂ 714 ਰੱਖੀਆਂ ਐਂਟਰੀਆਂ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂਆਂ ਨੂੰ ਪਹਿਲੇ ਅਤੇ ਦੂਸਰੇ ਦਰਜੇ ਦੇ ਇਨਾਮ ਮੁੱਖ ਮਹਿਮਾਨ ਜੀ ਵੱਲੋਂ ਦਿੱਤੇ ਗਏ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਅਤੇ ਬਾਗਬਾਨਾਂ ਨੂੰ ਨਾਸ਼ਪਾਤੀ ਦੀ ਕਾਸ਼ਤ ਅਤੇ ਮੰਡੀਕਰਨ ਬਾਰੇ ਪੀ.ਏ.ਯੂ. ਤੋਂ ਆਏ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਗਈ।

# ਬਾਗਬਾਨੀ ਸਰਗਰਮੀਆਂ



ਮਿਤੀ 4 ਜੁਲਾਈ 2025 ਨੂੰ ਮੈਂਗੋ ਮੇਲਾ ਪਿੰਜੌਰ ਵਿਖੇ ਮਾਣਯੋਗ ਖੇਤੀਬਾੜੀ ਮੰਤਰੀ ਹਰਿਆਣਾ ਅਤੇ ਮਾਣਯੋਗ ਸੈਰ ਸਪਾਟਾ ਮੰਤਰੀ ਹਰਿਆਣਾ ਜੀ ਵੱਲੋ ਬਾਗਬਾਨੀ ਵਿਭਾਗ ਦੀ ਸਟਾਲ ਵੀਜਿਟ ਕੀਤੀ ਗਈ।



ਮਿਤੀ 04-07-2025 ਨੂੰ ਲੀਚੀ ਅਸਟੇਟ ਸੁਜਾਨਪੁਰ ਵਿਖੇ ਇਕ ਦਿਨਾ ਸੈਮੀਨਾਰ ਕਮ ਕਿਸਾਨ ਮੀਟਿੰਗ ਕੀਤੀ ਗਈ ਜਿਸ ਵਿੱਚ JICA ਅਤੇ AIF ਟੀਮ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੀਟਿੰਗ ਵਿਚ ਕਿਸਾਨਾਂ ਕੋਲੋਂ ਲੀਚੀ ਦੀ ਖੇਤੀ ਸੰਬੱਧੀ ਗੱਲ ਬਾਤ ਕਰਕੇ ਮੁਸ਼ਕਿਲਾਂ/ਸੁਝਾਅ ਮੰਗੇ ਗਏ।



ਮਿਤੀ 7 ਜੁਲਾਈ 2025 ਨੂੰ ਅਮਰੂਦ ਅਸਟੇਟ ਵਜੀਦਪੁਰ, ਪਟਿਆਲਾ ਵਿਖੇ ਬਾਗਬਾਨੀ ਵਿਭਾਗ , AIF ਅਤੇ JICA ਟੀਮ ਵੱਲੋ ਅਮਰੂਦ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ ਅਤੇ ਵਿਚਾਰ ਵਟਾਂਦਰਾ ਕੀਤਾ ਗਿਆ।




ਮਿਤੀ 8 ਜੁਲਾਈ 2025 ਨੂੰ ਬਾਗਬਾਨੀ ਵਿਭਾਗ ਲੁਧਿਆਣਾ ਵੱਲੋ ਨਿੰਬੂ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ।



ਮਿਤੀ 9 ਜੁਲਾਈ 2025 ਨੂੰ ਜਿਲਾਂ ਫਿਰੋਜਪੁਰ ਵਿਖੇ 100 ਮਿਰਚ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ ਅਤੇ ਮਿਰਚ ਦੀ ਕਾਸ਼ਤ ਨੂੰ ਲੈ ਕੇ ਵਿਚਾਰ ਸਾਂਝੇ ਕੀਤੇ ਗਏ।

# ਬਾਗਬਾਨੀ ਸਰਗਰਮੀਆਂ



ਮਿਤੀ 10.07.2025 ਨੂੰ ਜਿਲਾ ਐਸ.ਏ.ਐਸ ਨਗਰ ਬਲਾਕ ਡੇਰਾਬੱਸੀ ਦੇ ਪਿੰਡ ਮਲਕਪੁਰ ਵਿਖੇ HCPA ਮੀਟਿੰਗ ਤਹਿਤ ਮਸ਼ਰੂਮ ਕਲੱਸਟਰ ਅਤੇ ਸੋਧੀਆਂ ਕੌਮੀ ਬਾਗਬਾਨੀ ਮਿਸ਼ਨ ਸਕੀਮਾਂ ਲਈ ਜਿਲਾ ਪੱਧਰ ਦਾ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਕੈਂਪ ਦੌਰਾਨ ਹਾਜ਼ਿਰ ਹੋਏ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਨਾਲ ਸੰਬੰਧਿਤ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਇਸਤੋਂ ਇਲਾਵਾ ਮਸ਼ਰੂਮ ਕਲੱਸਟਰ ਸੰਬੰਧੀ ਮਸ਼ਰੂਮ ਕਾਸ਼ਤਕਾਰਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਮੌਕੇ ਬਾਗਬਾਨੀ ਵਿਭਾਗ ਤੋ ਇਲਾਵਾ ਹੋਰ ਵਿਭਾਗ ਜਿਵੇਂ ਕਿ ਭੂਮੀ ਅਤੇ ਜਲ ਸੰਭਾਲ ਵਿਭਾਗ, ਖੇਤੀਬਾੜੀ ਵਿਭਾਗ, ਪਸ਼ੂ ਪਾਲਣ ਵਿਭਾਗ ਆਦਿ ਦੇ ਨੁਮਾਇੰਦੇ ਵੀ ਹਾਜ਼ਰ ਹੋਏ, ਜਿਨ੍ਹਾਂ ਵਲੋਂ ਆਪਣੇ ਆਪਣੇ ਵਿਭਾਗ ਨਾਲ ਸੰਬੰਧਿਤ ਕਿਸਾਨ ਹਿਤ ਦੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਸ੍ਰੀ ਨਰਿੰਦਰਬੀਰ ਸਿੰਘ ਮਾਨ, ਓਪ ਡਾਇਰੈਕਟਰ ਬਾਗਬਾਨੀ, ਐਸ.ਏ.ਐਸ ਨਗਰ, ਅਮਨਪ੍ਰੀਤ ਕੌਰ, ਬਾਗਬਾਨੀ ਵਿਕਾਸ ਅਫ਼ਸਰ, ਡੇਰਾਬਸੀ , ਕਮਲਪ੍ਰੀਤ ਕੌਰ, ਬਾਗਬਾਨੀ ਵਿਕਾਸ ਅਫ਼ਸਰ, ਕੁਰਾਲੀ, ਕੋਮਲਪ੍ਰੀਤ ਸਿੰਘ, ਬਾਗਬਾਨੀ ਵਿਕਾਸ ਅਫ਼ਸਰ ਖਰੜ, ਰਵਦੀਪ ਕੌਰ, ਏ.ਆਈ.ਐਫ ਸਕੀਮ, ਸੋਹਨ ਸਿੰਗਰ, ਜੀਕਾ ਅਤੇ ਬਾਕੀ ਸਹਾਇਕ ਸਟਾਫ ਸ਼ਾਮਲ ਸੀ।




ਮਿਤੀ 10-7-25 ਨੂੰ ਪਿੰਡ- ਫਤਿਹਗੜ ਛੰਨਾ ਵਿਖੇ ਬਾਗਬਾਨੀ ਵਿਕਾਸ ਅਫਸਰ ਸਮਾਣਾ ਵੱਲੋ ਕਿਸਾਨ ਖੇਤ ਦਿਵਸ ਮਨਾਇਆ ਗਿਆ।



ਮਿਤੀ 11/07/2025 ਨੂੰ ਬਾਗਬਾਨੀ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਤਕਨੀਕੀ ਸਟਾਫ ਵੱਲੋਂ ਖੇਤੀਬਾੜੀ ਵਿਭਾਗ ਦੇ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਵਿੱਚ ਭਾਗ ਲਿਆ ਗਿਆ ਅਤੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਦੀਆਂ ਗਤੀਵਿਧੀਆਂ ਅਤੇ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ । ਇਸ ਮੌਕੇ ਬਾਗਬਾਨੀ ਵਿਭਾਗ ਦੀ ਪ੍ਰਦਰਸ਼ਨੀ ਲਗਾਈ ਗਈ।

# ਬਾਗਬਾਨੀ ਸਰਗਰਮੀਆਂ



ਮਿਤੀ 14-7-25 ਨੂੰ ਬਾਗਬਾਨੀ ਵਿਭਾਗ ਲੁਧਿਆਣਾ ਵੱਲੋ ਸਮਰਾਲਾ ਵਿਖੇ ਜਿਲਾ ਪੱਧਰੀ ਜਾਗਰੂਕਤਾ ਕੈਂਪ ਲਗਾ ਕੇ ਆਲੂ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ ਅਤੇ ਆਲੂ ਦੀ ਪੈਦਾਵਾਰ ਅਤੇ ਮੰਡੀਕਰਨ ਤੇ ਵਿਚਾਰ ਚਰਚਾ ਕੀਤੀ ਗਈ।




ਮਿਤੀ 16-7-25 ਨੂੰ ਬਾਗ਼ਬਾਨੀ ਜਾਗਰੂਕਤਾ ਕੈਂਪ ਪਿੰਡ ਖੇੜੀ ਚੰਦਵਾ ਭਵਾਨੀਗੜ੍ਹ ਜਿਲ੍ਹਾ ਸੰਗਰੂਰ ਵਿਖੇ ਲਗਾਇਆ ਗਿਆ।



ਮਿਤੀ 17 ਜੁਲਾਈ ਨੂੰ ਬਾਗਬਾਨੀ ਦਫਤਰ ਦੋਰਾਹਾ ਵੱਲੋ ਮਧੂ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ।



ਮਿਤੀ 25 ਜੁਲਾਈ 2025 ਨੂੰ ਹਰਿਆਣਾ ਅਤੇ ਪੰਜਾਬ ਦੀ ਐਨ.ਸੀ.ਸੀ.ਡੀ. ਗਈਡਲਾਈਨਾਂ-2025 ਅਤੇ ਸਸਟੇਨੇਬਲ ਕੋਲਡ ਚੇਨ ਸਬੰਧੀ ਸਾਂਝੀ ਵਰਕਸ਼ਾਪ ਪੀ.ਡਬਲਯੂ. ਡੀ. ਰੈਸਟ ਹਾਊਸ ਪੰਚਕੁਲਾ ਵਿਖੇ ਆਯੋਜਿਤ ਕੀਤੀ ਗਈ ਜਿਸ ਵਿੱਚ ਸ੍ਰੀ ਪੰਕਜ ਅਗਰਵਾਲ ਆਈ.ਏ.ਐਸ. ਪ੍ਰਿੰਸੀਪਲ ਸੈਕਟਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਹਰਿਆਣਾ, ਸ੍ਰੀਮਤੀ ਸ਼ੈਲਿੰਦਰ ਕੌਰ ਆਈ.ਐਫ.ਐਸ. ਡਾਇਰੈਕਟਰ ਬਾਗਬਾਨੀ ਪੰਜਾਬ, ਡਾ. ਅਰਜਨ ਸਿੰਘ ਸੈਣੀ ਐਚ.ਓ.ਡੀ.(ਸਪੈਸਲ) ਬਾਗਬਾਨੀ ਵਿਭਾਗ ਹਰਿਆਣਾ, ਡਾ. ਰਣਬੀਰ ਸਿੰਘ ਡੀ. ਜੀ.ਐਚ. ਹਰਿਆਣਾ, ਐਨ.ਸੀ.ਸੀ.ਡੀ. ਦੇ ਨੁਮਾਇੰਦੇ ਆਦਿ ਅਤੇ ਦੋਵਾਂ ਰਾਜਾਂ ਦੇ ਬਾਗਬਾਨੀ ਅਧਿਕਾਰੀਆਂ ਨੇ ਭਾਗ ਲਿਆ ।

# ਬਾਗਬਾਨੀ ਸਰਗਰਮੀਆਂ




ਮਿਤੀ 30 ਜੁਲਾਈ 2025 ਨੂੰ ਪਿੰਡ ਕੁੱਲਾ ਬਲਾਕ ਪੱਟੀ ਜਿਲਾ ਤਰਨ ਤਾਰਨ ਵਿਖੇ ਅਗਾਹ ਵਧੂ ਬਾਗਬਾਨ ਬਲਰਾਜ ਸਿੰਘ ਕੁੱਲਾ ਦੇ ਖੇਤ ਵਿਖੇ' ਫੀਲਡ ਡੇ'/, ਖੇਤ ਦਿਵਸ '' ਮਨਾਇਆ ਗਿਆ
ਜਿਸ ਵਿੱਚ ਪੀਏਯੂ ਤੋਂ ਡਾ ਮਨਦੀਪ ਸਿੰਘ ਸੀਨੀਅਰ ਫਰੂਟ ਸਾਇੰਟਿਸਟ ਅਤੇ ਡਾ ਮਨਿੰਦਰ ਕੌਰ ਪਲਾਂਟ ਪੈਥੋਲੋਜਿਸਟ ਉਚੇਚੇ ਤੌਰ ਤੇ ਪਹੁੰਚੇ ਅਤੇ ਕਿਸਾਨਾਂ ਨੂੰ ਨਾਸ਼ਪਾਤੀ ਦੀ ਤੁੜਾਈ ਉਪਰੰਤ ਬਾਗਾਂ ਦੀ ਸਾਂਭ ਸੰਭਾਲ, ਸਿੰਚਾਈ ਕਰਨ ਅਤੇ ਬਿਮਾਰੀਆਂ ਬਾਰੇ ਜਾਣੂ ਕਰਵਾਇਆ ਗਿਆ ਇਸ ਮੌਕੇ ਤੇ ਫਾਰਮਰ ਸਲਾਹ ਕੇਂਦਰ ਤਰਨ ਤਾਰਨ ਤੋਂ ਡਾ ਸੁਵਰੀਤ ਕੌਰ ਫਰੂਟ ਸਾਇੰਟਿਸਟ ,ਡਾ ਪਰਮਿੰਦਰ ਸਿੰਘ ਧੁੰਗ ਇੰਚਾਰਜ ਫਾਰਮਰ ਸਲਾਹ ਕੇਂਦਰ ਤਰਨ ਤਾਰਨ ਵੱਲੋਂ ਕਿਸਾਨਾਂ ਦੇ ਨਾਲ ਮੁਖਾਤਿਬ ਬਾਗਾਂ ਵਿੱਚ ਇੰਟਰਕ੍ਰਾਪਿੰਗ ਬਾਰੇ ਦੱਸਿਆ
ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਪੱਟੀ ਵੱਲੋਂ ਬਾਗਬਾਨੀ ਵਿਭਾਗ ਅਧੀਨ ਐਮਆਈਡੀਐਚ ਸਕੀਮ ਹੇਠ ਦਿੱਤੀਆਂ ਜਾ ਰਹੀਆਂ ਵਿੱਤੀ ਸਹਾਇਤਾ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ ਇਸ ਮੌਕੇ ਤੇ ਇਲਾਕੇ ਦੇ ਸਾਰੇ ਨਾਸ਼ਪਾਤੀ ਉਤਪਾਦਕ ਹਾਜ਼ਰ ਹੋਏ ਅਤੇ ਮਾਹਰਾਂ ਦੀਆਂ ਦਿੱਤੀਆਂ ਹੋਈਆਂ ਸਲਾਹਾਂ ਨੂੰ ਗੁਣਕਾਰੀ ਦੱਸਿਆ

# ਬਾਗਬਾਨੀ ਖਬਰਨਾਮਾ

## 4-acre kinnow orchard leased out for ₹21L in Abohar

ARCHIT WATTS

ABOHAR, JULY 3

In a record agreement, a kinnow orchard spread on about four acre at Kallar Khera village in Abohar has been leased out for a whopping Rs 21 lakh, highlighting the growing commercial value of citrus farming in the region. At about Rs 5.25 lakh per acre lease price, this is almost double the price farmer Jeet Ram got last year.



The deal has brought cheer to kinnow growers. TRIBUNE PHOTO

The deal has brought cheer to kinnow growers as this is just the beginning of the season. The lease process goes on till the harvesting is done mid-December onwards.

Jeet Ram, who owns this orchard jointly with his brother is elated. "I got a good price as I have 470 plants in my orchard, which are expected to give good quality of fruit. Timely pruning, through canal water irrigation helps in high yield," he said.

Abohar MLA Sandeep Jakhar, who is also a kinnow grower, termed it an exceptional case. "This farmer has higher number of plants in his orchard. The quality of fruit is also good. Thus, he has managed to get Rs 21 lakh for the fruit yield on nearly four acres," he said.

The contractor who has taken that orchard on lease, pleading anonymity, said, "The orchard is in very good condition and the quality of fruit is also expected to give us good returns."

Often called the "California of Punjab", Abohar has long been a citrus fruit hub, with its kinnow finding market not only in North India, but also internationally. While kinnow production has seen some decline over the past two years, good prices have brought renewed hope to farmers. Over the past few years, waterlogging in some parts of this area and untimely canal closure caused losses to the orchardists.

Some kinnow growers said the fruit last season fetched prices between Rs 25-30 per kg. This year, the production is expected to rise by 10-15 per cent compared to last year and advance deals are already being signed at Rs 20-22 per kg.

In some villages where bumper yield is expected, orchard owners are securing lucrative contracts.

Inder Sharma, a fruit trader, said, "Prices are expected to remain high as production is down due to canal water shortage in the orchards in neighbouring Rajasthan. The farmer who struck this Rs 21-lakh deal is expected to harvest about 200 quintals of kinnow per acre."

Kuljit Singh, Assistant Director, Horticulture, Fazilka, said, "The advance deals of kinnow start usually at this time, but the fruit picking will start in December-end and January. Even last year, some growers got nearly Rs 4 lakh per acre for their fruit. This year, the fruit is less, but the quality is so far expected to remain good."

Kinnow is also being used by the Punjab Agro Industries Corporation (PAIC) to be distilled into citrus gin.

---



ਸਰਕਾਰੀ ਆਈ.ਟੀ.ਆਈ ਹੁਸੈਨਪੁਰਾ (ਲੁਧਿ:) ਵਿਖੇ ਹਰਿਆਵਲ ਤਹਿਤ ਬੂਟੇ ਲਗਾਉਣ ਦੀ ਆਰੰਭਤਾ ਸਮੇਂ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ: ਹਰਦੀਪ ਸਿੰਘ ਬੈਨੀਪਾਲ, ਵਿਕਾਸ ਅਫਸਰ ਡਾ: ਜਸਪ੍ਰੀਤ ਕੌਰ ਗਿੱਲ, ਹੋਰ। ਤਸਵੀਰ: ਕ੍ਰਿਪਾਲ ਹੰਬੜਾਂ

## ਬਾਗਬਾਨੀ ਵਿਭਾਗ ਵਲੋਂ ਹਰਿਆਵਲ ਮੁਹਿੰਮ ਹੇਠ ਬੂਟੇ ਲਗਾਉਣ ਦੀ ਸ਼ੁਰੂਆਤ

ਮੁੱਲਾਂਪੁਰ-ਦਾਖਾ, 11 ਜੁਲਾਈ (ਨਿਰਮਲ ਸਿੰਘ ਧਾਲੀਵਾਲ)- ਬਾਗਬਾਨੀ ਵਿਭਾਗ ਲੁਧਿਆਣਾ ਦੇ ਡਿਪਟੀ ਡਾਇਰੈਕਟਰ ਡਾ. ਹਰਦੀਪ ਸਿੰਘ ਬੈਨੀਪਾਲ ਦੀ ਅਗਵਾਈ ਹੇਠ ਡਾ. ਜਸਪ੍ਰੀਤ ਕੌਰ ਗਿੱਲ ਬਾਗਬਾਨੀ ਵਿਕਾਸ ਅਫ਼ਸਰ ਲੁਧਿਆਣਾ 1-2 ਵਲੋਂ ਹੋਰ-ਅਮਲੇ ਫੈਲੇ ਨੂੰ ਨਾਲ ਲੈ ਕੇ ਸਰਕਾਰੀ ਆਈ.ਟੀ.ਆਈ ਹੁਸੈਨਪੁਰਾ (ਲੁਧਿਆਣਾ) ਵਿਖੇ ਹਰਿਆਵਲ ਤਹਿਤ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਬੂਟੇ ਲਗਾਏ ਜਾਣ ਸਮੇਂ ਡਾ. ਜਸਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਆਲੇ-ਦੁਆਲੇ ਦੀ ਸ਼ੁੱਧਤਾ ਅਤੇ ਪ੍ਰਦੂਸ਼ਣ ਨੂੰ ਰੋਕਣ ਲਈ ਦਰੱਖ਼ਤਾਂ ਦਾ ਹੋਣਾ ਬੜਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਤੇਜੀ ਨਾਲ ਫੈਲਦੇ ਪ੍ਰਦੂਸ਼ਣ ਕਾਰਨ ਲੋਕਾਂ ਨੂੰ ਅਨੇਕਾਂ ਬਿਮਾਰੀਆਂ ਲੱਗਦੀਆਂ, ਜਿੰਨ੍ਹਾਂ ਨੂੰ ਰੋਕਣ ਲਈ ਦਰੱਖ਼ਤ ਹੀ ਸਹਾਈ ਬਣ ਸਕਦੇ ਹਨ, ਦੂਸ਼ਿਤ ਵਾਤਾਵਰਨ, ਭੌ ਜਰਖੇਜ਼ਤਾ, ਸੇਮ ਹੜ੍ਹਾਂ ਨੂੰ ਰੋਕਣ ਲਈ ਦਰੱਖ਼ਤ ਹੋਣੇ ਬੜੇ ਲਾਜ਼ਮੀ ਹਨ, ਮਨੁੱਖੀ ਜੀਵਨ ਰੁੱਖਾਂ ਉੱਤੇ ਹੀ ਨਿਰਭਰ ਹੋਣ ਕਰਕੇ ਵੱਡੀ ਉਮਰ ਦਰੱਖ਼ਤ ਪਿੱਪਲ, ਨਿੰਮ, ਟਾਹਲੀ, ਅੰਬ ਲਗਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਮੌਕੇ ਡਾ. ਲਿਖਿਲ ਅੰਬਿਸ਼ ਮਹਿਤਾ ਬਾਗਬਾਨੀ ਵਿਕਾਸ ਅਫ਼ਸਰ, ਮਨਿੰਦਰ ਸਿੰਘ, ਸਰਕਾਰੀ ਆਈ.ਟੀ.ਆਈ ਹੁਸੈਨਪੁਰਾ ਪ੍ਰਿੰਸੀਪਲ ਬਲਜਿੰਦਰ ਸਿੰਘ, ਸਰਪੰਚ ਮਨਮੋਹਨ ਸਿੰਘ, ਚੇਅਰਮੈਨ ਰਾਜ ਕੁਮਾਰ ਜੈਨ, ਵਿਸ਼ਾਲ ਜੈਨ, ਜਗਤਾਰ ਸਿੰਘ ਟਰੇਨਿੰਗ ਅਫ਼ਸਰ, ਗੁਰਸਿਮਰਨ ਸਿੰਘ, ਲਖਵੀਰ ਸਿੰਘ, ਗੁਰਵਿੰਦਰ ਸਿੰਘ, ਸੰਦੀਪ ਸਿੰਘ ਜੇ.ਈ., ਜਗਵੀਰ ਸਿੰਘ ਜੇ.ਈ., ਵਰਿੰਦਰ ਕੁਮਾਰ ਜੇ.ਈ ਮੌਜੂਦ ਸਨ।

ਅਜੀਤ 12-Jul-2025 Page: 7

http://epaper.ajitjalandhar.com/edition/20250712/19/7.cms

---



ਫਲਾਂ ਦੇ ਮੇਲੇ ਦੌਰਾਨ ਬਾਗਬਾਨੀ ਵਿਭਾਗ ਪਟਿਆਲਾ ਦੀਆਂ ਲੱਗੀਆਂ ਪ੍ਰਦਰਸ਼ਨੀਆਂ। ਅਜੀਤ ਤਸਵੀਰ

## ਹਰਿਆਣਾ 'ਚ ਲੱਗੇ ਮੈਂਗੋ ਮੇਲੇ 'ਚ ਪਟਿਆਲਾ ਦੀਆਂ ਫਲ਼ਾਂ ਤੋਂ ਤਿਆਰ ਵਸਤਾਂ ਰਹੀਆਂ ਖਿੱਚ ਦਾ ਕੇਂਦਰ

ਪਟਿਆਲਾ, 9 ਜੁਲਾਈ (ਅ. ਸ. ਆਹਲੂਵਾਲੀਆ)-ਬਾਗਬਾਨੀ ਤੇ ਸੈਰ ਸਪਾਟਾ ਵਿਭਾਗ ਹਰਿਆਣਾ ਵਲੋਂ ਪਿੰਜੌਰ ਵਿਖੇ ਲਗਾਏ ਗਏ ਤਿੰਨ ਰੋਜ਼ਾ ਮੈਂਗੋ ਮੇਲੇ 'ਚ ਬਾਗਬਾਨੀ ਵਿਭਾਗ ਪਟਿਆਲਾ ਵਲੋਂ ਭਾਗ ਲੈ ਕੇ ਵਿਭਾਗ ਵਲੋਂ ਪੈਦਾ ਕੀਤੇ ਜਾ ਰਹੇ ਵੱਖ-ਵੱਖ ਕਿਸਮਾਂ ਦੇ ਅੰਬਾਂ ਅਤੇ ਅੰਬਾਂ ਤੋਂ ਤਿਆਰ ਕੀਤੇ ਗਏ ਹੋਰ ਸਾਮਾਨ ਦੀ ਪ੍ਰਦਰਸ਼ਨੀ ਲਗਾਈ ਗਈ, ਜੋ ਮੇਲੇ 'ਚ ਪੁੱਜੇ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਲਈ ਖਿੱਚ ਦਾ ਕੇਂਦਰ ਰਹੀ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਬਾਗਬਾਨੀ ਸੰਦੀਪ ਸਿੰਘ ਗਰੇਵਾਲ ਦੱਸਿਆ ਕਿ ਅੰਬ ਮੇਲੇ 'ਚ ਵਿਭਾਗ ਵਲੋਂ ਲਗਾਈ ਪ੍ਰਦਰਸ਼ਨੀ ਵਿੱਚ ਦੁਸ਼ਹਿਰੀ, ਲੰਗੜਾ, ਮਲਿਕਾ, ਮੀਆਜ਼ਾਕੀ, ਰਾਮ ਕੇਲਾ, ਕੂੱਪੀ ਆਦਿ ਕਿਸਮਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਤੋਂ ਇਲਾਵਾ ਅੰਬ ਦੇ ਆਚਾਰ, ਜੈਮ, ਚਟਨੀ, ਸੁਕੈਸ਼, ਅਤੇ ਜੂਸ ਆਦਿ ਵੀ ਪ੍ਰਦਰਸ਼ਿਤ ਕੀਤੇ ਗਏ। ਉਨ੍ਹਾਂ ਦੱਸਿਆ ਕਿ ਮੇਲੇ ਵਿਚ ਬਾਗਬਾਨੀ ਵਿਭਾਗ ਪੰਜਾਬ ਨੂੰ ਉਸ ਦੀ ਵਧੀਆ ਪ੍ਰਦਰਸ਼ਨੀ ਲਈ ਸਨਮਾਨਿਤ ਕੀਤਾ ਗਿਆ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਮੇਲੇ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਪਿੰਡ ਖੇੜੀ ਮੁਸਲਮਾਨੀਆਂ ਦੇ ਕਿਸਾਨ ਅਜੀਤ ਸਿੰਘ (ਬਾਵਾ) ਵਲੋਂ ਵੱਖ-ਵੱਖ ਕਿਸਮਾਂ ਅਤੇ ਫਲ਼ ਪਦਾਰਥਾਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ 11 ਹਜ਼ਾਰ ਰੁਪਏ ਦਾ ਨਕਦ ਇਨਾਮ, ਟਰਾਫ਼ੀ ਅਤੇ ਸਰਟੀਫਿਕੇਟ ਨਾਲ ਪੰਜਾਬ ਸਟੇਟ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਪਟਿਆਲਾ ਜ਼ਿਲ੍ਹੇ ਦੇ ਬਾਗਬਾਨਾਂ ਨੂੰ ਅਜਿਹੇ ਮੇਲਿਆਂ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਜਿੱਥੇ ਨਵੀਆਂ ਕਿਸਮਾਂ ਤੇ ਤਕਨੀਕਾਂ ਦੀ ਜਾਣਕਾਰੀ ਮਿਲਦੀ ਹੈ, ਉੱਥੇ ਹੀ ਕਾਰੋਬਾਰ ਨੂੰ ਵਧਾਉਣ ਦੇ ਮੌਕੇ ਵੀ ਪ੍ਰਦਾਨ ਹੁੰਦੇ ਹਨ। ਇਸ ਮੌਕੇ ਇਚਾਰਜ ਅਮਰੂਦ ਅਸਟੇਟ ਵਜੀਦਪੁਰ ਪਟਿਆਲਾ ਹਰਿੰਦਰਪਾਲ ਸਿੰਘ ਵੀ ਮੌਜੂਦ ਸਨ।

---

ਪੰਜਾਬੀ ਜਾਗਰਣ

## ਬਾਗਬਾਨੀ ਵਿਭਾਗ ਨੇ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ

- ਕਿਸਾਨਾਂ ਨੂੰ ਆਲੂ ਬੀਜਾਂ ਸਬੰਧੀ ਦਿੱਤੀ ਜਾਣਕਾਰੀ
- ਏਆਈਐੱਫ ਸਕੀਮ ਸਬੰਧੀ ਕੀਤਾ ਜਾਗਰੂਕ



ਕੈਂਪ 'ਚ ਬੈਠੇ ਵਿਭਾਗ ਦੇ ਅਧਿਕਾਰੀ ਤੇ ਕਿਸਾਨ। ਪੰਜਾਬੀ ਜਾਗਰਣ

---

Patiala Bani

Jul 12, 2025

ਜਗ ਬਾਣੀ

## ਜ਼ਿਲੇ 'ਚ ਅਮਰੂਦ ਦੀ ਪੈਦਾਵਾਰ ਤੇ ਮੰਡੀਕਰਨ 'ਤੇ ਵਿਚਾਰ ਚਰਚਾ

ਬਾਗਬਾਨੀ ਵਿਭਾਗ ਵੱਲੋਂ ਅਮਰੂਦ ਕਾਸ਼ਤਕਾਰ ਕਿਸਾਨਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਨਿਵੇਕਲੀ ਪਹਿਲ ; ਕਿਸਾਨਾਂ ਤੋਂ ਲਏ ਸੁਝਾਅ



ਅਮਰੂਦ ਦੀ ਪੈਦਾਵਾਰ ਬਾਰੇ ਵਿਚਾਰ ਚਰਚਾ ਕਰਦੇ ਆਗੂ।

---

Chandigarh Bani

Jul 15, 2025

ਜਗ ਬਾਣੀ

ਦਿੱਤਾ ਹੋਕਾ | ਬਾਗਬਾਨੀ ਵਿਭਾਗ ਨੇ ਕੇ.ਵੀ.ਕੇ. ਸਮਰਾਲਾ ਵਿਖੇ ਜ਼ਿਲ੍ਹਾ ਪੱਧਰੀ ਕੈਂਪ ਲਾ ਕੇ ਕਿਸਾਨਾਂ ਨੂੰ ਕੀਤਾ ਜਾਗਰੂਕ, ਸਬਸਿਡੀ ਸਕੀਮਾਂ ਦੀ ਵੀ ਦਿੱਤੀ ਜਾਣਕਾਰੀ

## ਡਰਿੱਪ-ਮਾਈਕ੍ਰੋ ਸਿੰਚਾਈ ਅਪਨਾਓ, ਘੱਟ ਤੋਂ ਘੱਟ ਕੀਟਨਾਸ਼ਕ ਵਰਤੋ



### ਕਿਸਾਨਾਂ ਨੂੰ ਆਪਣੀ ਮੋਟਰ 'ਤੇ ਲਾਉਣੇ ਚਾਹੀਦੇ 5-5 ਬੂਟੇ : ਡਾ. ਨਵਜੋਤ ਕੌਰ



# ਬਾਗਬਾਨੀ ਖਬਰਨਾਮਾ

## ਦੋ ਰੋਜ਼ਾ ਰਾਜ ਪੱਧਰੀ ਨਾਖ਼ ਫ਼ਲ ਦੇ ਮੁਕਾਬਲੇ 'ਚ ਪੰਜਾਬ ਭਰ ਤੋਂ ਜ਼ਿਲ੍ਹਾ ਤਰਨ ਤਾਰਨ ਰਿਹਾ ਮੋਹਰੀ



ਕੈਬਨਿਟ ਮੰਤਰੀ ਮਹਿੰਦਰ ਭਗਤ ਕੋਲੋਂ ਇਨਾਮ ਹਾਸਲ ਕਰਦੇ ਹੋਏ ਜ਼ਿਲ੍ਹਾ ਤਰਨ ਤਾਰਨ ਦੇ ਬਾਗਬਾਨੀ ਵਿਭਾਗ ਦੇ ਅਧਿਕਾਰੀ। ਅਜੀਤ ਤਸਵੀਰ


ਖੇਤੀਬਾੜੀ ਅਤੇ
ਵਿਭਾਗ,
ਖੇਤੀ ਭਵਨ, ਫੇਜ਼ 6, ਨੇੜੇ ਦਾਰਾ ਸਟੂਡਿਓ,
ਪ੍ਰਧਾਨ ਮੰਤਰੀ ਕਿਸਾਨ ਸਨ
ਲਾਭ ਲੈਣ ਵਾਲੇ
ਜਨਤਕ


---

## ਪੰਜਾਬੀ ਜਾਗਰਣ



ਕਿਸਾਨਾਂ ਨੂੰ ਬੂਟੇ ਵੰਡਦੇ ਹੋਏ ਡਾ. ਨਵਜੋਤ ਕੌਰ ਬਾਗਬਾਨੀ ਵਿਕਾਸ ਅਫ਼ਸਰ ਸਮਰਾਲਾ। ਪੰਜਾਬੀ ਜਾਗਰਣ

### ਕਿਸਾਨਾਂ ਨੂੰ ਫਲਦਾਰ ਤੇ ਛਾਂ ਦਾਰ ਬੂਟੇ ਵੰਡੇ

**ਪੱਤਰ ਪ੍ਰੇਰਕ, ਪੰਜਾਬੀ ਜਾਗਰਣ, ਸਮਰਾਲਾ** : ਬਾਗਬਾਨੀ ਵਿਭਾਗ ਸਮਰਾਲਾ ਵੱਲੋਂ ਟਰੀ ਪਲਾਂਟੇਸ਼ਨ ਡਰਾਈਵ ਤਹਿਤ ਡਾ. ਹਰਦੀਪ ਸਿੰਘ ਡਿਪਟੀ ਡਾਇਰੈਕਟਰ ਬਾਗਬਾਨੀ ਲੁਧਿਆਣਾ ਦੀ ਅਗਵਾਈ ਹੇਠ ਸਮਰਾਲਾ ਵਿਖੇ ਡਾ ਨਵਜੋਤ ਕੌਰ ਬਾਗਬਾਨੀ ਵਿਕਾਸ ਅਫਸਰ ਸਮਰਾਲਾ ਵੱਲੋਂ ਕਿਸਾਨਾਂ ਨੂੰ ਫਲਦਾਰ ਤੇ ਛਾਂ ਦਾਰ ਬੂਟੇ ਵੰਡੇ ਗਏ। ਡਾ ਨਵਜੋਤ ਕੌਰ ਬਾਗਬਾਨੀ ਵਿਕਾਸ ਅਫਸਰ ਸਮਰਾਲਾ ਵੱਲੋਂ ਕਿਸਾਨਾਂ ਨੂੰ ਮੌਨਸੂਨ ਆਉਣ ਕਾਰਨ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਹਰ ਕਿਸਾਨ ਨੂੰ ਆਪਣੀ ਮੋਟਰ ਉਪਰ 5-5 ਫਲਦਾਰ ਤੇ ਛਾਂ ਦਾਰ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਵਿਜੈ ਪ੍ਰਤਾਪ ਸਹਾਇਕ ਡਾਇਰੈਕਟਰ ਬਾਗਬਾਨੀ ਲੁਧਿਆਣਾ, ਡਾ ਨਿਖਿਲ ਐਬਿਸ਼ ਮਹਿਤਾ ਬਾਗਬਾਨੀ ਵਿਕਾਸ ਅਫਸਰ ਜਗਰਾਓ, ਡਾ. ਜਸਪ੍ਰੀਤ ਕੌਰ ਬਾਗਬਾਨੀ ਵਿਕਾਸ ਅਫਸਰ ਲੁਧਿਆਣਾ, ਮਨਿੰਦਰ ਕਲਰਕ, ਸੋਹਨ ਲਾਲ ਬਾਗਬਾਨੀ ਉਪ ਨਿਰੀਖਕ ਸਮਰਾਲ, ਰੌਸ਼ਨ ਲਾਲ ਹਾਜ਼ਰ ਸਨ।

---

ਨਾਨਕਸਰ, ਭਾਈ ਚਮਕੌਰ ਸਿੰਘ ਭੌਰੜਾਂ ਨੇ ਵੀ ਕਥਾ ਕੀਰਤਨ ਦੁਆਰਾ ਹਾਜ਼ਰੀ ਭਰੀ ਅਤੇ ਰਾਤ ਦੇ ਦੀਵਾਨਾਂ ਵਿਚ ਬਾਬਾ ਮਿਹਰ ਸਿੰਘ ਨਾਨਕਸਰ, ਬਾਬਾ ਗੁਰਚਰਨ ਸਿੰਘ ਦਿੱਲੀ, ਬਾਬਾ ਅਰਵਿੰਦਰ ਸਿੰਘ ਨਾਨਕਸਰ ਵਾਲੇ ਵੀ ਹਾਜ਼ਰ ਸਨ। ਸੰਤ ਬਾਬਾ ਘਾਲਾ ਸਿੰਘ ਨਾਨਕਸਰ ਵਾਲਿਆਂ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਸਾਨੂੰ

ਤਸਵੀਰ 'ਚ ਸੰਤ ਬਾਬਾ ਘਾਲਾ ਸਿੰਘ ਨਾਨਕ ਵਾਲੇ ਵੀ ਨਜ਼ਰ ਆ ਰਹੇ ਹਨ।

ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ 20 ਜੁਲਾਈ ਨੂੰ ਸਵੇਰੇ ਆਰੰਭ ਸ੍ਰੀ ਅਖੰਡ ਪਾਠਾਂ ਦੇ ਭੋਗ ਪੈਣਗੇ ਅਤੇ ਗੁਰਦੁਆਰਾ ਢੰਡਿਆਣਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ, ਪੰਜ ਪਿਆਰਿਆਂ ਦੀ ਅਗਵਾਈ ਅਤੇ ਸੰਤ



ਸਰਾਭਾ 'ਚ ਤ੍ਰਿਵੇਣੀ ਦਾ ਬੂਟਾ ਲਗਾ ਕੇ ਹਰਿਆਵਲ ਲਹਿਰ ਦੀ ਸ਼ੁਰੂਆਤ ਕਰਦੇ ਹੋਏ ਡਾ: ਗੁਰਪ੍ਰੀਤ ਕੌਰ, ਸਰਪੰਚ ਕਮਲਜੀਤ ਕੌਰ, ਪੰਚ ਜਸਵੀਰ ਕੌਰ, ਪੰਚ ਪ੍ਰਦੀਪ ਸਿੰਘ ਤੇ ਹੋਰ। ਤਸਵੀਰ: ਖੁਸ਼ਵਿੰਦਰ ਸਿੰਘ ਸਰਾਭਾ

### ਬਾਗਬਾਨੀ ਵਿਕਾਸ ਅਫ਼ਸਰ ਡਾ: ਗੁਰਪ੍ਰੀਤ ਕੌਰ ਦੀ ਅਗਵਾਈ 'ਚ ਛਾਂਦਾਰ ਬੂਟੇ ਲਗਾਏ

ਪੱਖੋਵਾਲ ਸਰਾਭਾ, 19 ਜੁਲਾਈ (ਖੁਸ਼ਵਿੰਦਰ ਸਿੰਘ ਸਰਾਭਾ)-ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ ਲੁਧਿਆਣਾ ਡਾ: ਹਰਦੀਪ ਸਿੰਘ ਦੀ ਅਗਵਾਈ ਹੇਠ ਸੂਬੇ ਨੂੰ ਹਰਿਆ ਭਰਿਆ ਅਤੇ ਪ੍ਰਦੂਸ਼ਣ ਰਹਿਤ ਤੇ ਖੁਸ਼ਹਾਲ ਬਣਾਉਣ ਦੇ ਉਦੇਸ਼ ਨਾਲ ਅੱਜ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਜੱਦੀ ਪਿੰਡ ਸਰਾਭਾ 'ਚ ਡਾ: ਗੁਰਪ੍ਰੀਤ ਕੌਰ ਬਾਗਬਾਨੀ ਵਿਕਾਸ ਅਫ਼ਸਰ ਵਲੋਂ ਟਰੀ ਪਲਾਂਟੇਸ਼ਨ ਡਰਾਇਵ ਤਹਿਤ 150 ਕਿਸਾਨਾਂ, ਨਗਰ ਨਿਵਾਸੀਆ ਤੇ ਸਕੂਲੀ ਵਿਦਿਆਰਥੀਆਂ ਤੇ ਰਾਹਗੀਰਾਂ ਨੂੰ ਫ਼ਲਦਾਰ ਤੇ ਛਾਂਦਾਰ ਬੂਟੇ ਵੰਡੇ ਗਏ। ਸਰਪੰਚ ਕਮਲਜੀਤ ਕੌਰ ਅਤੇ ਸਮੁੱਚੀ ਗ੍ਰਾਮ ਕਰਵਾਏ ਇਸ ਪ੍ਰੋਗਰਾਮ 'ਚ ਇਕੱਤਰ ਕਿਸਾਨਾਂ ਤੇ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਡਾ: ਗੁਰਪ੍ਰੀਤ ਕੌਰ ਨੇ ਕਿਹਾ ਕਿ ਰੁੱਖ ਸਾਡੇ ਜੀਵਨ ਦਾ ਮਹੱਤਵਪੂਰਨ ਹਿੱਸਾ ਹਨ ਇਹ ਜਿੱਥੇ ਸਾਨੂੰ ਠੰਡੀ ਛਾਂ ਤੇ ਸਾਹ ਲੈਣ ਲਈ ਆਕਸੀਜਨ ਪ੍ਰਦਾਨ ਕਰਦੇ ਹਨ ਉੱਥੇ ਹੀ ਕਈ ਤਰ੍ਹਾਂ ਦੇ ਕੀਮਤੀ ਫ਼ਲ, ਫੁੱਲ ਤੇ ਲੱਕੜ ਆਦਿ ਦੇਣ ਦੇ ਨਾਲ ਨਾਲ ਵਾਤਾਵਰਣ ਦਾ ਸੰਤੁਲਨ ਵੀ ਕਾਇਮ ਰੱਖਦੇ ਹਨ। ਇਸ ਮੌਕੇ ਸਰਪੰਚ ਕਮਲਜੀਤ ਕੌਰ, ਕਰਨਲ ਮਨਦੀਪ ਸਿੰਘ ਨੇ ਪੰਚਾਇਤ ਘਰ 'ਚ ਤ੍ਰਿਵੇਣੀ ਦਾ ਬੂਟਾ ਲਗਾ ਕੇ ਮੁਹਿਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਅਵਤਾਰ ਸਿੰਘ, ਪੰਚ ਪ੍ਰਦੀਪ ਸਿੰਘ, ਪੰਚ ਜਸਵੀਰ ਕੌਰ, ਪੰਚ ਜਸਵਿੰਦਰ ਕੌਰ, ਰਵਿੰਦਰ

---

## ਪੰਜਾਬ ਸਰਕਾਰ ਵਲੋਂ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਹਨ ਵਿਸ਼ੇਸ਼ ਯਤਨ-ਡਿਪਟੀ ਡਾਇਰੈਕਟਰ ਬਾਗਬਾਨੀ

**ਅਗਾਂਹ ਵਧੂ ਕਿਸਾਨ ਗੁਰਵਰਿਆਮ ਸਿੰਘ ਵਲੋਂ ਸ਼ੈੱਡਨੈੱਟ ਹਾਊਸ ਵਿਚ ਖੀਰੇ ਦੀ ਕਾਸ਼ਤ ਕਰ ਕੇ ਇਲਾਕੇ ਦੇ 'ਚ ਰਚਿਆ ਇਤਿਹਾਸ**



ਘਰ 'ਚ ਚੋਰੀ ਕਰਨ ਆਏ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

---

## ਪੰਜਾਬ ਵਿਧਾਨ ਸਭਾ ਦੀ ਗਠਿਤ ਕਮੇਟੀ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਬਣਾਂਵਾਲੀ ਦੀ ਅਗਵਾਈ 'ਚ ਵਫਦ ਨੇ ਲਾਂਬੜਾ-ਕਾਂਗੜੀ ਸੋਸਾਇਟੀ ਦਾ ਕੀਤਾ ਦੌਰਾ



ਪੰਜਾਬ ਵਿਧਾਨ ਸਭਾ ਦੀ ਗਠਿਤ ਕਮੇਟੀ ਦੇ ਚੇਅਰਮੈਨ ਅਤੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਤੇ ਹੋਰਨਾਂ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼, ਨਾਲ ਵਾਟਰ ਟ੍ਰੀਟਮੈਂਟ ਪਲਾਂਟ ਦਾ ਨਿਰੀਖਣ ਕਰਦੇ ਹੋਏ। (ਆਨੰਦ)

---

## ਸਤੰਬਰ 2025 ਕਿਸਾਨ ਮੇਲਿਆਂ ਦੀ ਸੂਚੀ ਜਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ✍️🌾🌽

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸਤੰਬਰ 2025 ਦੌਰਾਨ ਆਪਣੇ ਮੁੱਖ ਕੈਂਪਸ ਲੁਧਿਆਣਾ ਅਤੇ ਖੇਤਰੀ ਖੋਜ ਸਟੇਸ਼ਨਾਂ/ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਕਿਸਾਨ ਮੇਲੇ ਦਾ ਆਯੋਜਨ ਕਰ ਰਹੀ ਹੈ।

ਕਿਸਾਨ ਮੇਲੇ - ਸਤੰਬਰ - 2025

| ਸਥਾਨ | ਕਿਸਾਨ ਮੇਲੇ ਦੀ ਤਾਰੀਖ |
|---|---|
| ਨਾਗਕਲਾਂ-ਜਹਾਂਗੀਰ (ਅੰਮ੍ਰਿਤਸਰ) ਵਿਖੇ ਕਿਸਾਨ ਮੇਲਾ | 10 ਸਤੰਬਰ, 2025 |
| ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ, ਨਵਾਂ ਸ਼ਹਿਰ) ਵਿਖੇ ਕਿਸਾਨ ਮੇਲਾ | 12 ਸਤੰਬਰ, 2025 |
| ਪਟਿਆਲਾ ਵਿਖੇ ਕਿਸਾਨ ਮੇਲਾ | 16 ਸਤੰਬਰ, 2025 |
| ਫਰੀਦਕੋਟ ਵਿਖੇ ਕਿਸਾਨ ਮੇਲਾ | 18 ਸਤੰਬਰ, 2025 |
| ਗੁਰਦਾਸਪੁਰ ਵਿਖੇ ਕਿਸਾਨ ਮੇਲਾ | 24 ਸਤੰਬਰ, 2025 |
| ਲੁਧਿਆਣਾ ਯੂਨੀਵਰਸਿਟੀ ਵਿਖੇ ਕਿਸਾਨ ਮੇਲਾ | 26-27 ਸਤੰਬਰ, 2025 |
| ਬਠਿੰਡਾ ਵਿਖੇ ਕਿਸਾਨ ਮੇਲਾ | 30 ਸਤੰਬਰ, 2025 |

# ਬਾਗਬਾਨੀ ਗਿਆਨ

## ਅਗਸਤ ਮਹੀਨੇ ਦੇ ਬਾਗਬਾਨੀ ਗਿਆਨ

ਇਹ ਮਹੀਨੇ ਬਾਰਸ਼ਾਂ ਹੋਣ ਕਰਕੇ ਮੌਸਮ ਕਾਫੀ ਖੁਸ਼ਗਵਾਰ ਹੋ ਜਾਂਦਾ ਹੈ। ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਜਿਵੇਂ ਕਿੰਨੂ, ਮਾਲਟਾ, ਸੰਤਰਾ, ਨਿੰਬੂ, ਮਿੱਠਾ, ਅੰਬ, ਅਮਰੂਦ, ਲੁਕਾਠ, ਲੀਚੀ, ਚੀਕੂ ਅਤੇ ਪਪੀਤਾ ਆਦਿ ਲਗਾਉਣ ਲਈ ਬਹੁਤ ਹੀ ਢੁਕਵਾਂ ਹੈ। ਜ਼ਿਆਦਾ ਬਰਸਾਤ ਦਾ ਪਾਣੀ ਅਤੇ ਵਾਧੂ ਖੜੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਬੂਟਿਆਂ ਦਾ ਨੁਕਸਾਨ ਨਾ ਹੋਵੇ।

## ਫਲਦਾਰ ਬੂਟੇ

ਫਲਦਾਰ ਬੂਟੇ ਲਗਾਉਣ ਸਮੇਂ 2-3 ਫੁੱਟ ਵਿਆਸ ਦੇ ਡੂੰਘੇ ਟੋਏ ਪੁੱਟ ਕੇ ਅੱਧੀ ਉੱਪਰਲੀ ਉਪਜਾਊ ਮਿੱਟੀ ਅਤੇ ਅੱਧੀ ਦੇਸੀ ਰੂੜੀ ਪਾ ਕੇ ਟੋਏ ਨੂੰ ਭਰ ਦਿਉ ਅਤੇ ਇੱਕ-ਦੋ ਬਰਸਾਤਾਂ ਪੈਣ ਤੋਂ ਬਾਅਦ ਹੋਰ ਮਿੱਟੀ ਪਾ ਕੇ ਸਿਉਂਕ ਤੋਂ ਬਚਾਅ ਲਈ ਪ੍ਰਤੀ ਟੋਆ 15 ਮਿ.ਲਿ. ਕਲੋਰੋਪਾਈਰੀਫਾਸ ਦਵਾਈ ਪਾਕੇ ਬੂਟੇ ਲਗਾ ਦਿਉ। ਬੂਟੇ ਲਗਾਉਣ ਦੇ ਸਮੇਂ ਅੰਬ, ਲੀਚੀ ਲਈ ਫਾਸਲਾ 25-30 ਫੁੱਟ, ਪਪੀਤੇ ਲਈ 5 ਫੁੱਟ ਅਤੇ ਬਾਕੀ ਬੂਟਿਆਂ ਲਈ 20-22 ਫੁੱਟ ਰੱਖੋ ਅਤੇ ਨਵੇਂ ਬੂਟਿਆਂ ਨੂੰ ਸਿੱਧੇ ਰੱਖਣ ਲਈ ਸੋਟੀ ਦਾ ਸਹਾਰਾ ਦਿਓ।

ਨਾਸ਼ਪਾਤੀ ਅਤੇ ਆੜੂ ਦੇ ਬੂਟਿਆਂ ਦੀ ਜੜ੍ਹਾਂ ਗਲਣ ਦੀ ਬਿਮਾਰੀ ਨਜ਼ਰ ਆਵੇ ਤਾਂ ਪਾਣੀ ਕੱਢ ਕੇ ਵੱਤਰ ਆਉਣ ਤੇ ਹਲਕੀ ਗੋਡੀ ਕਰ ਦਿਉ। ਨਿੰਬੂ ਜਾਤੀ ਦੇ ਪੈਰ ਗਲਣ ਦੇ ਰੋਗ ਦੀ ਰੋਕਥਾਮ ਲਈ ਬੂਟਿਆਂ ਦੇ ਮੁੱਢਾਂ ਤੇ ਉਨ੍ਹਾਂ ਦੀ ਛਤਰੀ ਹੇਠ ਸੋਡੀਅਮ ਹਾਈਪੋਕਲੋਰਾਈਟ 5% ਨੂੰ 50 ਮਿ.ਲਿ.10 ਲਿਟਰ ਪਾਣੀ ਵਿੱਚ ਘੋਲਕੇ ਬੂਟੇ ਦੇ ਉੱਪਰ ਸਪਰੇ ਕਰੋ। ਨਿੰਬੂ ਜਾਤੀ ਦੇ ਫਲਦਾਰ ਬੂਟਿਆਂ ਨੂੰ ਫਲ ਦੀ ਮੱਖੀ ਤੋਂ ਬਚਾਅ ਲਈ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਇਸ ਮਹੀਨੇ ਦੇ ਦੂਜੇ ਹਫਤੇ ਲਗਾ ਦਿਉ। ਨਿੰਬੂ ਜਾਤੀ ਫਲਾਂ ਦਾ ਕੇਰਾ ਰੋਕਣ ਲਈ ਹੇਠਾਂ ਡਿੱਗੇ ਹੋਏ ਰੋਗੀ ਫਲਾਂ ਨੂੰ ਇਕੱਠੇ ਕਰਕੇ ਜ਼ਮੀਨ ਵਿੱਚ ਦੱਬ ਦਿਉ ਅਤੇ ਬੂਟਿਆਂ ਤੇ 10 ਮਿ.ਲਿ. ਜਿਬਰੈਲਿਕ ਐਸਿਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਅੰਗੂਰ ਦੇ ਬੂਟਿਆਂ ਨੂੰ ਕੋਹੜ ਅਤੇ ਪੀਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੋਰਡ ਮਿਸ਼ਰਣ 2:2:250 ਦਾ 500 ਲਿਟਰ ਪਾਣੀ ਦੇ ਹਿਸਾਬ ਪ੍ਰਤੀ ਏਕੜ ਸਪਰੇ ਕਰੋ। ਬੇਰਾਂ ਦੇ ਬਾਗਾਂ ਵਿੱਚੋ ਨਦੀਨਾਂ ਦੀ ਰੋਕਥਾਮ ਲਈ ਬਾਗਾਂ ਦੀ ਵਹਾਈ ਕਰੋ।

## ਸਬਜੀਆਂ

ਸਬਜ਼ੀਆਂ ਵਿੱਚ ਮੂਲੀ ਦੀ ਪੂਸਾ ਚੇਤਕੀ ਕਿਸਮ, ਗਾਜਰ ਪੰਜਾਬ ਕੈਰਟ ਰੈੱਡ, ਬਲੈਕ ਬਿਊਟੀ ਤੇ ਪੀ ਸੀ-34 ਅਤੇ ਸ਼ਲਗਮ ਦੀ ਐਲ-1 ਦੀਆਂ ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਓ। ਮੂਲੀ ਤੇ ਗਾਜਰ ਲਈ 25-30 ਗ੍ਰਾਮ ਅਤੇ ਸ਼ਲਗਮ ਲਈ 13 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ। ਬੀਜਣ ਤੋਂ ਪਹਿਲਾਂ 100 ਕਿੱਲੋ ਦੇਸੀ ਰੂੜੀ, 350 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰ ਫਾਸਫੇਟ ਖਾਦ ਪ੍ਰਤੀ ਮਰਲਾ ਪਾ ਦਿਉ। ਗਾਜਰ ਲਈ 312 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪਾਓ। 45 ਸੈ.ਮੀ. ਦੀ ਦੂਰੀ ਤੇ ਵੱਟਾਂ ਬਣਾ ਕੇ ਚੰਗੇ ਵੱਤਰ ਵਿੱਚ ਬੀਜ ਲਗਾਉ। ਪਿਆਜ਼ ਦੀ ਸਾਉਣੀ ਦੀ ਫਸਲ ਲਈ ਗੰਢੀਆਂ ਜਾਂ ਪਨੀਰੀ ਰਾਹੀ ਤੀਸਰੇ ਹਫਤੇ ਬਿਜਾਈ ਸ਼ੁਰੂ ਕਰ ਦਿਉ। ਬੀਜਣ ਤੋਂ ਪਹਿਲਾਂ 280 ਗ੍ਰਾਮ ਯੂਰੀਆ, 780 ਗ੍ਰਾਮ ਸਿੰਗਲ ਸੁਪਰ ਫਾਸਫੇਟ ਅਤੇ 220 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾ ਦਿਉ। ਲਾਈਨਾਂ ਅਤੇ ਬੂਟਿਆਂ ਦਾ ਫਾਸਲਾ 15ਣ7.5 ਸੈ.ਮੀ. ਰੱਖੋ ਅਤੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 2-3 ਦਿਨ ਬਾਅਦ 5 ਮਿ.ਲਿ. ਸਟੌਂਪ 30 ਤਾਕਤ ਜਾਂ 2 ਮਿ.ਲਿ. ਗੋਲ 23.5 ਤਾਕਤ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਗੋਭੀ ਦੀ ਮੁੱਖ ਫਸਲ ਲਈ ਪਨੀਰੀ ਪੁੱਟ ਕੇ ਲਗਾ ਦਿਉ।

ਬੈਂਗਣਾਂ ਵਿੱਚ ਫਲ ਅਤੇ ਸ਼ਾਖਾਂ ਦੇ ਗੜੂੰਏ ਦੀ ਰੋਕਥਾਮ ਲਈ 0.8 ਮਿ.ਲਿ. ਕੋਰਾਜ਼ਨ ਜਾਂ 0.8 ਮਿ.ਲਿ. ਪ੍ਰੋਕਲੇਮਜਾਂ 1 ਮਿ.ਲਿ. ਸੁਮੀਸੀਡੀਨ 20 ਈ ਸੀ ਜਾਂ 2 ਮਿ.ਲਿ. ਰਿਪਕਾਰਡ 10 ਈ ਸੀ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਲੋੜ ਅਨੁਸਾਰ 3-4 ਸਪਰੇ ਬਦਲ-ਬਦਲ ਕੇ ਕਰੋ। ਬੈਂਗਣ ਦੀ ਮਕੌੜਾ ਜੂੰਲਈ 2-3 ਮਿ.ਲਿ. ਉਮਾਈਟ 57 ਈਸੀ ਨੂੰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ

ਕਰੋ। ਭਿੰਡੀ ਦੇ ਤੇਲੇ ਲਈ 0.4 ਮਿ.ਲਿ. ਕੌਨਫੀਡੋਰ 17.8 ਐਸ ਐਲਜਾਂ 0.4 ਗ੍ਰਾਮ ਐਕਟਾਰਾ 25 ਡਬਲਯੂ ਜੀ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇ ਕਰੋ। ਮਿਰਚਾਂ ਵਿੱਚ ਫਲਾਂ ਦੇ ਗਾਲੇ ਦੀ ਰੋਕਥਾਮ ਲਈ 1 ਮਿ.ਲਿ. ਫੋਲੀਕੁਰ ਜਾਂ 3 ਗ੍ਰਾਮ ਇੰਡੋਫਿਲ ਐਮ-45 ਜਾਂ ਬਲਾਈਟੋਕਸ ਪ੍ਰਤੀ ਲਿਟਰ ਪਾਣੀ ਦੇ ਹਿਸਾਬ 3 ਸਪਰੇ 10 ਦਿਨ ਦੇ ਵਕਫੇ ਤੇ ਕਰੋ।

## ਫੁੱਲ ਅਤੇ ਸਜਾਵਟੀ ਬੂਟੇ

ਇਸ ਮਹੀਨੇ ਦਰੱਖਤ, ਝਾੜੀਆਂ ਅਤੇ ਵੇਲਾਂ ਨੂੰ ਲਗਾਇਆ ਜਾ ਸਕਦਾ ਹੈ। ਵਣ ਖੇਤੀ ਲਈ ਸਫੈਦਾ, ਟਾਹਲੀ, ਡੇਕ, ਨਿੰਮ, ਸਾਗਵਾਨ ਦੇ ਦਰਖਤ ਲਗਾਏ ਜਾ ਸਕਦੇ ਹਨ। ਬੂਟੇ ਲਾਉਣ ਲਈ 50 ਸੈ.ਮੀ. ਵਿਆਸ ਦੇ ਟੋਏ ਕੱਢ ਕੇ ਉਸਦੀ ਉਪਰਲੀ ਮਿੱਟੀ ਵਿੱਚ ਦੇਸੀ ਰੂੜੀ ਖਾਦ ਪਾ ਕੇ 10 ਗ੍ਰਾਮ ਲੰਡੇਨ ਧੂੜਾ ਪ੍ਰਤੀ ਟੋਆ ਪਾ ਦਿਉ ਅਤੇ ਬੂਟਾ ਲਾ ਦਿਉ। ਬੂਟਾ ਲਗਾ ਕੇ ਉਸੇ ਵਕਤ ਪਾਣੀ ਪਾ ਦਿਉ। ਘਾਹ ਲਾਉਣ ਲਈ ਤਿਆਰ ਕੀਤੇ ਥਾਂ ਤੇ ਘਾਹ ਦੀਆਂ ਜੜ੍ਹਾਂ ਦੇ ਛੋਟੇ ਗੁੱਛੇ 10-15 ਸੈਂ.ਮੀ.ਦੀ ਦੂਰੀ ਤੇ ਲਗਾ ਦਿਉ ਅਤੇ ਪਹਿਲਾਂ ਬਣੇ ਹੋਏ ਲਾਅਨ ਦੀ ਕਟਾਈ ਕਰਨੀ ਚਾਹੀਦੀ ਹੈ। ਗੁਲਾਬ ਦੇ ਨਦੀਨ ਅਤੇ ਜੜ੍ਹੂੰਏ ਸਾਫ ਕਰੋ। ਗੁਲਦਾਉਦੀ ਦੀਆਂ ਸਪਰੇਅ ਕਿਸਮਾਂ ਨੂੰ ਅਕਾਰ ਦੇਣ ਲਈ ਇਸ ਦੇ ਟੂਸੇ ਬੂਟੇ ਦਾ ਕੱਦ 8-10 ਸੈਟੀਂਮੀਟਰ ਹੋਣ ਤੇ ਤੋੜ ਦਿਉ ਅਤੇ ਵੱਡੇ ਫੁੱਲ ਵਾਲੀਆਂ ਕਿਸਮਾਂ ਵਿੱਚ ਵਿਚਕਾਰਲੀ ਗੋਭ ਛੱਡਕੇ ਬਾਕੀ ਪਾਸੇ ਦੀਆਂ ਟਾਹਣੀਆਂ ਤੋੜ ਦੇ ਰਹੋ।

## ਖੁੰਬਾਂ/ਢੀਂਗਰੀ

ਪਰਾਲੀ ਵਾਲੀ ਖੁੰਬ ਦੇ ਪੁਰਾਣੇ ਬੈੱਡ ਕੱਢ ਕੇ ਨਵੀਂ ਬਿਜਾਈ ਕਰ ਦਿਉ। ਰੋਜ਼ਾਨਾ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਪੁਰਾਣੀ ਗਲੀ ਸੜੀ ਰੂੜੀ ਦੀ ਸੰਭਾਲ ਸਰਦ ਰੁੱਤ ਦੀਆਂ ਖੁੰਬਾਂ ਦੀ ਕੇ ਸਿੰਗਲ ਈ ਹੁਣ ਤੋਂ ਹੀ ਕਰ ਲਵੋ ਅਤੇ ਇਸਦਾ ਦੋ ਫੁੱਟ ਉੱਚਾ ਢੇਰ ਲਾ ਦਿਉ।

## ਸ਼ਹਿਦ ਮੱਖੀਆਂ

ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਅਤੇ ਬਾਹਰ ਫੁੱਲ ਫਲਾਕੇ ਦੀ ਘਾਟ ਨੂੰ ਵੇਖਦੇ ਹੋਏ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦੇ ਘੋਲ ਦੀ ਖੁਰਾਕ ਸ਼ਾਮ ਵੇਲੇ ਸਾਰੇ ਬਕਸਿਆਂ ਨੂੰ ਦਿਉ। ਬਰਸਾਤ ਦੇ ਮੌਸਮ ਨੂੰ ਵੇਖਦੇ ਹੋਏ ਬਕਸਿਆਂ ਦੇ ਸਟੈਂਡਾਂ ਨੂੰ ਥੋੜਾ ਟੇਡਾ ਕਰਦਿਉ ਅਤੇ ਇੰਨ੍ਹਾਂ ਨੂੰ ਉੱਚੀ ਜਗ੍ਹਾ ਤੇ ਰੱਖੋ। ਅੰਦਰਲੇ ਢੱਕਣ ਦੀ ਜਾਲੀ ਦੇ ਸੁਰਾਖ ਪ੍ਰੋਪੋਲਿਸ ਨਾਲ ਬੰਦ ਨਹੀ ਹੋਣੇ ਚਾਹੀਦੇ ਸਗੋ ਸਾਫ ਹੋਣੇ ਚਾਹੀਦੇ ਹਨ। ਬਕਸਿਆਂ ਦੇ ਆਲੇ ਦੁਆਲੇ ਵਧਦੇ ਹੋਏ ਨਦੀਨਾਂ ਅਤੇ ਵਾਧੂ ਬੂਟਿਆਂ ਨੂੰ ਸਾਫ ਕਰਦੇ ਰਹੋ। ਵਾਧੂ ਸਟੋਰ ਕੀਤੇ ਛੱਤਿਆਂ ਨੂੰ ਮੋਮੀ ਕੀੜੇ ਦੇ ਹਮਲੇ ਤੋਂ ਬਚਾਅ ਲਈ ਉਪਰਾਲੇ ਕਰੋ।

## ਸਿਖਲਾਈ ਕੋਰਸ

ਬਾਗਬਾਨੀ ਫਸਲਾਂ ਅਤੇ ਕਿੱਤੇ ਨਾਲ ਸਬੰਧਤ ਸਿਖਲਾਈ ਕੋਰਸਾਂ ਲਈ ਸਕਿੱਲ ਡਿਵੈਲਪਮੈਂਟ ਸੈਂਟਰ (ਫੋਨ ਨੰ:0161-240196-261) ਪੀ.ਏ.ਯੂ. ਲੁਧਿਆਣਾ ਤੋਂ ਅਤੇ ਆਪਣੇ ਨੇੜੇ ਦੇ ਕ੍ਰਿਸ਼ੀ ਵਿਗਆਨ ਕੇਂਦਰ ਨਾਲ ਸੰਪਰਕ ਕਰਕੇ ਕੇ ਭਾਗ ਲੈ ਸਕਦੇ ਹੋ।